# ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ),ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ

(Email ID- adsadpi@punjabeducation.gov.in)

(ਅਮਲਾ-2 ਸ਼ਾਖਾ)

## ਪਬਲਿਕ ਨੋਟਿਸ (ਮਿਤੀ 14.08.2023)

ਸਿੱਖਿਆ ਵਿਭਾਗ ਵੱਲੋਂ 4161 ਮਾਸਟਰ ਕਾਡਰ ਭਰਤੀ (ਇਸ਼ਤਿਹਾਰ ਮਿਤੀ 16.12.2021/08.01.2022) ਅਤੇ 598 ਬੈਕਲਾਗ ਮਾਸਟਰ ਕਾਡਰ ਭਰਤੀ (ਇਸ਼ਤਿਹਾਰ ਮਿਤੀ 16.08.2021/29.09.2021) ਤਹਿਤ **ਸਾਇੰਸ** ਵਿਸ਼ੇ ਦੇ ਉਮੀਦਵਾਰਾਂ ਨੂੰ ਸ਼ਟੇਸ਼ਨ ਚੋਣ ਲਈ ਸੱਦਾ ਪੱਤਰ ਦਿੱਤਾ ਜਾਂਦਾ ਹੈ। **ਸਟੇਸ਼ਨ ਚੋਣ ਸਵੇਰੇ 9.00 ਵਜੇ ਸ਼ੁਰੂ ਕੀਤੀ ਜਾਵੇਗੀ।**

* ਨੋਟ- ਉਮੀਦਵਾਰ ਆਪਣੇ ਨਾਲ ਉਨਾਂ ਦੀ ਲੋਗ-ਇੰਨ ਆਈ ਤੇ ਅਪਲੋਡ ਕੀਤੇ ਨਿਯੁਕਤੀ ਪੱਤਰ ਦੀ ਫੋਟੋ ਕਾਪੀ ਅਤੇ ਆਪਣਾ ਅਸਲ ਪਹਿਚਾਣ ਪੱਤਰ (ਆਧਾਰ ਕਾਰਡ ਜਾਂ ਵੋਟਰ ਕਾਡਰ) ਲੈ ਕੇ ਹੇਠਾਂ ਦਰਸਾਏ ਸ਼ਡਿਊਲ ਅਨੁਸਾਰ ਹਾਜਰ ਹੋਣਗੇ : -

| ਲੜੀ ਨੰ: | ਵਿਸ਼ਾ | ਉਮੀਦਵਾਰਾਂ ਦੀ ਗਿਣਤੀ (ਰੋਸਟਰ ਨੰਬਰ ਅਨੁਸਾਰ) | ਮਿਤੀ | ਸਥਾਨ |
|---|---|---|---|---|
| 1. | ਸਾਇੰਸ | All Exempted Catagory Candidates and<br>• Roster No. 01 - 150 (Timming 9.00 A.M)<br>• Roster No. 151 - 370 (Timming 2.00 P.M) | 16.08.2023 (ਦਿਨ ਬੁੱਧਵਾਰ) | ਪੰਜਾਬ ਸਕੂਲ ਸਿੱਖਿਆ ਬੋਰਡ ਆਡੀਟੋਰੀਅਮ, ਦੂਸਰੀ ਮੰਜਿਲ, ਫੇਜ਼-8, ਐਸ.ਏ.ਐਸ.ਨਗਰ। |
| 2. | ਸਾਇੰਸ | • Roster No. 371- 600 (Timming 9.00 A.M)<br>• Roster No. 601 - 1364 (Timming 2.00 P.M) | 17.08.2023 (ਦਿਨ ਵੀਰਵਾਰ) | ਪੰਜਾਬ ਸਕੂਲ ਸਿੱਖਿਆ ਬੋਰਡ ਆਡੀਟੋਰੀਅਮ, ਦੂਸਰੀ ਮੰਜਿਲ, ਫੇਜ਼-8, ਐਸ.ਏ.ਐਸ.ਨਗਰ। |

ਨੋਟ - 1. ਉਕਤ ਦਿੱਤੇ ਗਏ ਸ਼ਡਿਊਲ ਅਧੀਨ ਵਿਸ਼ੇਸ ਛੋਟ ਵਾਲੇ ਉਮੀਦਵਾਰਾਂ ਨੂੰ ਪਹਿਲ ਦੇ ਆਧਾਰ ਤੇ ਪਹਿਲੇ ਦਿਨ ਸੂਚੀ ਅਨੁਸਾਰ ਤਰਜੀਹ ਦਿੱਤੀ ਜਾਵੇਗੀ ।

2. ਉਪਰੋਕਤ ਅਨੁਸਾਰ ਉਮੀਦਵਾਰ ਨਿਰਧਾਰਤ ਸਮੇਂ ਤੇ ਨਿਸ਼ਚਿਤ ਸਥਾਨ ਤੇ ਪਹੁੰਚਣਾ ਯਕੀਨੀ ਬਣਾਉਣਗੇ, ਨਿਰਧਾਰਤ ਸਮੇਂ ਤੋਂ ਪਹਿਲਾਂ ਕਿਸੇ ਨੂੰ ਨਹੀਂ ਵਿਚਾਰਿਆ ਜਾਵੇਗਾ।

3. ਹਰ ਉਮੀਦਵਾਰ ਇਸ ਨੋਟਿਸ ਦੇ ਨਾਲ ਨੱਥੀ ਕੀਤੀ ਪੋਸਟਿੰਗ ਸਲਿੱਪ ਦੀ ਕਾਪੀ ਨਾਲ ਲਿਆਉਣਾ ਯਕੀਨੀ ਬਣਾਉਣਗੇ।

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

Scanned with OKEN Scanner

# ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ),ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ

(Email ID- adsadpi@punjabeducation.gov.in)

(ਅਮਲਾ-2 ਸ਼ਾਖਾ)

## ਨੋਟਿਸ

(ਮਿਤੀ :14.08.2023)

ਸਿੱਖਿਆ ਵਿਭਾਗ ਵੱਲੋਂ 4161 ਮਾਸਟਰ ਕਾਡਰ ਭਰਤੀ (ਇਸ਼ਤਿਹਾਰ ਮਿਤੀ 16.12.2021/08.01.2022) ਅਤੇ 598 ਬੈਕਲਾਗ ਮਾਸਟਰ ਕਾਡਰ ਭਰਤੀ (ਇਸ਼ਤਿਹਾਰ ਮਿਤੀ 16.08.2021/29.09.2021) ਤਹਿਤ ਵੱਖ-ਵੱਖ ਵਿਸ਼ਿਆਂ ਦੇ **ਸਾਇੰਸ ਵਿਸ਼ੇ** ਦੇ ਉਮੀਦਵਾਰਾਂ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੇ ਸ਼ਡਿਊਲ ਅਤੇ ਰੋਸਟਰ ਸੂਚੀ ਮੁਤਾਬਕ **16.08.2023 ਅਤੇ ਮਿਤੀ 17.08.2023 ਨੂੰ (ਕੁੱਲ 2 ਦਿਨ)** ਸ਼ਟੇਸ਼ਨ ਚੋਣ ਕਰਨ ਲਈ ਹੇਠ ਲਿਖੇ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ: -

1. ਸਟੇਸ਼ਨ ਚੋਣ ਲਈ ਉਮੀਦਾਰ ਦਾ ਖੁਦ ਹਾਜ਼ਰ ਹੋਣਾ ਲਾਜ਼ਮੀ ਹੈ।
2. ਵਿਸ਼ੇਸ ਛੋਟ ਵਾਲੇ ਉਮੀਦਵਾਰਾਂ ਨੂੰ ਪਹਿਲ ਦੇ ਆਧਾਰ ਤੇ ਹਰ ਵਿਸ਼ੇ ਦੇ ਪਹਿਲੇ ਦਿਨ ਸੂਚੀ ਅਨੁਸਾਰ ਤਰਜੀਹ ਦਿੱਤੀ ਜਾਵੇਗੀ ।
3. ਉਮੀਦਵਾਰ ਆਪਣੇ ਨਾਲ ਨਿਯੁਕਤੀ ਪੱਤਰ ਦੀ ਫੋਟੋ ਕਾਪੀ ਅਤੇ ਅਸਲ ਪਹਿਚਾਣ ਪੱਤਰ (ਆਧਾਰ ਕਾਰਡ ਜਾਂ ਪੈਨ ਕਾਰਡ) ਜਰੂਰ ਲੈ ਕੇ ਆਵੇਗਾ।
4. ਸਟੇਸ਼ਨ ਚੋਣ ਦੌਰਾਨ ਉਮੀਦਵਾਰ ਦੇ ਨਾਲ ਸਿਰਫ਼ ਉਸ ਦੇ ਇੱਕ ਪਰਿਵਾਰਕ ਮੈਂਬਰ ਨੂੰ ਨਾਲ ਜਾਣ ਦੀ ਪ੍ਰਵਾਨਗੀ ਦਿੱਤੀ ਜਾਵੇਗੀ।
5. ਸਟੇਸ਼ਨ ਚੋਣ ਦੀ ਪ੍ਰਕਿਰਿਆ ਸਵੇਰੇ 9.00 ਵਜੇ ਸ਼ੁਰੂ ਕਰ ਦਿੱਤੀ ਜਾਵੇਗੀ। ਜੇਕਰ ਕੋਈ ਉਮੀਦਵਾਰ ਲੇਟ ਆਵੇਗਾ ਤਾਂ ਉਸ ਦਾ ਇੰਤਜਾਰ ਨਹੀਂ ਕੀਤਾ ਜਾਵੇਗਾ ਅਤੇ ਉਸ ਤੋਂ ਅਗਲੇ ਉਮੀਦਵਾਰਾਂ ਤੋਂ ਸਟੇਸ਼ਨ ਚੋਣ ਕਰਵਾਈ ਜਾਵੇਗੀ।
6. ਹਰ ਉਮੀਦਵਾਰ ਨੂੰ ਉਸਦੇ ਰੋਸਟਰ ਨੰਬਰ ਅਨੁਸਾਰ ਸਟੇਸ਼ਨ ਚੋਣ ਲਈ ਬੁਲਾਇਆ ਜਾਵੇਗਾ। (ਰੋਸਟਰ ਸੂਚੀ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਹੈ)
7. ਹਰ ਉਮੀਦਵਾਰ ਇਸ ਨੋਟਿਸ ਦੇ ਨਾਲ ਨੱਥੀ ਕੀਤੀ ਪੋਸਟਿੰਗ ਸਲਿੱਪ ਦੀ ਕਾਪੀ ਨਾਲ ਲਿਆਉਣਾ ਯਕੀਨੀ ਬਣਾਉਣਗੇ।
8. ਸਟੇਸ਼ਨ ਚੋਣ ਉਪਰੰਤ ਹਰ ਉਮੀਦਵਾਰ ਆਪਣਾ ਅਸਲ ਨਿਯੁਕਤੀ ਪੱਤਰ ਪ੍ਰਾਪਤ ਕਰਨਾ ਯਕੀਨੀ ਬਣਾਵੇਗਾ।
9. ਇੱਕ ਵਾਰ ਅਲਾਟ ਕੀਤਾ ਸਟੇਸ਼ਨ ਕਿਸੇ ਵੀ ਹਾਲਤ ਵਿੱਚ ਬਦਲਿਆ ਜਾਂ ਰੱਦ ਨਹੀਂ ਕੀਤਾ ਜਾਵੇਗਾ।
10. ਸਟੇਸ਼ਨ ਚੋਣ ਲਈ ਚਲ ਰਹੀ ਕਾਰਵਾਈ ਨੂੰ ਕਿਸੇ ਵੀ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ ਕਰਨ ਤੇ ਸਬੰਧਤ ਉਮੀਦਵਾਰਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ।
11. ਕੋਵਿਡ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਸਮਾਜਿਕ ਦੂਰੀ ਰੱਖਣੀ ਯਕੀਨੀ ਬਣਾਈ ਜਾਵੇ।
12. ਸਟੇਸ਼ਨ ਚੋਣ ਦੌਰਾਨ ਹਾਜਰ ਵਿਭਾਗੀ ਸਟਾਫ਼ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਅਤੇ ਕਿਸੇ ਤਰ੍ਹਾਂ ਦੀ ਅਨੁਸ਼ਾਸਨਹੀਣਤਾ ਤੋਂ ਗੁਰੇਜ਼ ਕੀਤਾ ਜਾਵੇ।

14/8/23

ਸਹਾਇਕ ਡਾਇਰੈਕਟਰ (ਅਮਲਾ-2 ਸ਼ਾਖਾ)

Scanned with OKEN Scanner

## 4161/598 ਮਾਸਟਰ ਕਾਡਰ ਭਰਤੀ ਅਧੀਨ ਸਟੇਸ਼ਨ ਚੋਣ ਸਲਿੱਪ

ਮਿਤੀ ............................

| | | |
|---|---|---|
| 1. | ਵਿਸ਼ਾ | |
| 2. | ਰੋਸਟਰ ਨੰਬਰ | |
| 3. | ਰਜਿਸਟਰੇਸ਼ਨ ਨੰਬਰ | |
| 4. | ਨਿਯੁਕਤੀ ਪੱਤਰ ਦਾ ਡਿਸਪੈਚ ਨੰਬਰ ਅਤੇ ਮਿਤੀ | |
| 5. | ਉਮੀਦਵਾਰ ਦਾ ਨਾਮ | |
| 6. | ਪਿਤਾ ਦਾ ਨਾਮ | |
| 7. | ਮੋਬਾਇਲ ਨੰਬਰ | |
| 8. | ਅਲਾਟ ਕੀਤਾ ਪੋਸਟਿੰਗ ਸਕੂਲ | ਸਕੂਲ ਦਾ ਨਾਂ..........................................<br>ਬਲਾਕ ਦਾ ਨਾਂ ..........................................<br>ਜਿਲ੍ਹਾ .................................................. |

ਉਮੀਦਵਾਰ ਦੇ ਹਸਤਾਖਰ ਅਤੇ ਮਿਤੀ

ਅਲਾਟ ਕਰਤਾ ਦੇ ਹਸਤਾਖਰ

Scanned with OKEN Scanner